Regd. No. NW/CH-22 Regd. No. CHD/0092/2018-2020

# Punjab Government Gazette

*Published by Authority*

No. 32 ] CHANDIGARH, FRIDAY, AUGUST 7, 2020 (SRAVANA 16, 1942 SAKA)

# PART I

**Punjab Government Notifications and Orders**

**ਪੰਜਾਬ ਸਰਕਾਰ**

ਸਹਿਕਾਰਤਾ ਵਿਭਾਗ

(ਸਹਿਕਾਰਤਾ-2 ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 2 ਜੁਲਾਈ, 2020

**ਨੰ: 26/10/2020-ਸੀ2(3)/3081.**-ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 26/10/2020-ਸੀ-2(3)/2571 ਮਿਤੀ 03/06/2020 ਦੀ ਨਿਰੰਤਰਤਾ ਵਿੱਚ ਪੰਜਾਬ ਮਾਰਕਫੈੱਡ ਅਤੇ ਸਹਿਕਾਰੀ ਮੰਡੀਕਰਨ ਸੁਸਾਇਟੀਆਂ ਨੂੰ ਹੇਠ ਲਿਖੀਆਂ ਰਿਆਇਤਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ:-

1) ਸਬੰਧਤ ਸਰਕਾਰੀ ਵਿਭਾਗ ਜਿਵੇਂ ਕਿ ਸੋਸਲ ਵੈਲਫੇਅਰ, ਸੀ.ਡੀ.ਪੀ.ਓ., ਸਰਕਾਰੀ ਸਕੂਲ, ਨਵੋਦਿਆਂ ਵਿਦਿਆਲਿਆ, ਜੇਲ ਵਿਭਾਗ, ਖੇਡ ਵਿਭਾਗ, ਪ੍ਰਾਹੁਣਚਾਰੀ ਵਿਭਾਗ, ਜਿਲ੍ਹਾ ਪ੍ਰਬੰਧਕਾਂ ਵੱਲੋਂ ਅਲੱਗ ਅਲੱਗ ਸਕੀਮਾਂ ਅਧੀਨ ਰਾਸ਼ਨ ਦੀ ਸਪਲਾਈ, ਖੁਰਾਕ ਅਤੇ ਖਪਤਕਾਰ ਵਿਭਾਗ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਦੇ ਲੋਕਾਂ ਨੂੰ ਰਾਸ਼ਨ ਸਪਲਾਈ ਕਰਨ ਲਈ ਖਰੀਦੇ ਜਾਣ ਵਾਲੇ ਰਾਸ਼ਨ ਲਈ, ਰਾਸ਼ਨ ਡਿਪੂਆਂ ਦੁਆਰਾ ਵੰਡੇ ਜਾਣ ਵਾਲੇ ਰਾਸ਼ਨ ਲਈ ਅਤੇ ਹੋਰ ਸਰਕਾਰੀ ਵਿਭਾਗ, ਜੋ ਕਿ ਖਾਣਯੋਗ ਅਤੇ ਨਾਂ ਖਾਣਯੋਗ ਪਦਾਰਥਾਂ (ਕੈਟਲਫੀਡ, ਐਗਰੋ ਕੈਮੀਕਲਜ ਆਦਿ) ਦੀ ਖਰੀਦ ਕਰਦੇ ਹਨ, ਕੇਵਲ ਮਾਰਕਫੈੱਡ/ਸਹਿਕਾਰੀ ਮੰਡੀਕਰਨ ਸੁਸਾਇਟੀਆਂ ਨੂੰ 50.00 ਲੱਖ ਰੁਪਏ (ਪੰਜਾਹ ਲੱਖ ਰੁਪਏ) ਤੱਕ ਦੀਆਂ ਵਸਤਾਂ (ਇੱਕ ਸਮੇਂ ਤੇ ਪ੍ਰਤੀ ਪ੍ਰੋਡਕਟ) ਖਰੀਦਣ ਲਈ ਬਿਨ੍ਹਾਂ ਕੋਈ ਟੈਂਡਰ ਕੀਤੇ ਜਾਂ ਲੈਣ ਤੋਂ ਬਿਨਾਂ ਹੀ ਸਿੱਧੇ ਮਾਰਕਫੈੱਡ ਜਾਂ ਸੀ.ਐਮ.ਐਸ. ਤੋਂ ਖਰੀਦਣ ਦਾ ਅਧਿਕਾਰ ਦਿੱਤਾ ਗਿਆ ਹੈ।

2) ਮਾਰਕਫੈੱਡ/ ਸਹਿਕਾਰੀ ਮੰਡੀਕਰਨ ਸੁਸਾਇਟੀਆਂ, ਸਬੰਧਤ ਵਿਭਾਗਾਂ ਨੂੰ ਆਪਣੇ ਸਾਰੇ ਪਦਾਰਥਾਂ (ਜੋ ਕਿ ਉਹ ਸਪਲਾਈ ਕਰਨਾ ਚਾਹੁੰਦੇ ਹਨ) ਦੀ ਰੇਟ ਲਿਸਟ ਮੁਹੱਈਆਂ ਕਰਵਾਉਣਗੇ ਅਤੇ ਸਬੰਧਤ ਵਿਭਾਗ ਵੱਲੋਂ ਆਰਡਰ ਮਾਰਕਫੈੱਡ/ਸਹਿਕਾਰੀ ਮੰਡੀਕਰਨ ਸੁਸਾਇਟੀਆਂ ਨੂੰ ਦਿੱਤਾ ਜਾਵੇਗਾ।

3) ਮਾਰਕਫੈੱਡ/ਸਹਿਕਾਰੀ ਮੰਡੀਕਰਨ ਸੁਸਾਇਟੀਆਂ, ਸਬੰਧਤ ਵਿਭਾਗਾਂ ਨੂੰ ਆਪਣੇ ਖਾਣਯੋਗ ਪਦਾਰਥਾਂ ਦੀ ਸਪਲਾਈ, ਉਨ੍ਹਾਂ ਦੇ ਆਰਡਰ ਦੇ ਮੁਤਾਬਿਕ, ਕਰਨ ਲਈ ਵਚਨ ਬੱਧ ਹਨ। ਪੇਮੈਂਟ ਕਰਨ ਸਬੰਧੀ ਸ਼ਰਤਾਂ ਦਾ ਫੈਸਲਾ ਸਬੰਧਤ ਵਿਭਾਗ ਅਤੇ ਮਾਰਕਫੈੱਡ/ ਸਹਿਕਾਰੀ ਮੰਡੀਕਰਨ ਸੁਸਾਇਟੀਆਂ ਵੱਲੋ, ਆਰਡਰ ਦੇਣ ਸਮੇਂ ਆਪਸੀ ਗੱਲਬਾਤ ਰਾਹੀਂ ਨਜਿੱਠਿਆ ਜਾਵੇਗਾ।

ਚੰਡੀਗੜ੍ਹ
ਮਿਤੀ 25 ਜੂਨ, 2020

**ਕਲਪਨਾ ਮਿੱਤਲ ਬਰੂਆ**
ਵਿਸ਼ੇਸ਼ ਮੁੱਖ ਸਕੱਤਰ, ਸਹਿਕਾਰਤਾ